بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 10.08.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜਲਸਾ ਸਾਲਾਨਾ ਬਰਤਾਨੀਆ ਵਿੱਚ ਸ਼ਾਮਲ ਹੋਣ ਵਾਲੇ ਗ਼ੈਰ ਅਹਮਦੀ ਅਤੇ ਗ਼ੈਰ ਮੁਸਲਮਾਨਾਂ ਦੇ ਇਮਾਨ ਵਧਾਉਣ ਵਾਲੇ ਬਿਆਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 10 ਅਗਸਤ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮਾਡਰਨ (ਲੰਡਨ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲਹਮਦੁਲਿਲੱਾਹ : ਪਿਛੱਲੇ ਐਤਵਾਰ ਆਪਣੀਆਂ ਬਰਕਤਾਂ ਨੂੰ ਬਖੇਰਦਿਆਂ ਹੋਇਆਂ ਰੱਬ ਦੀ ਅਪਾਰ ਮਿਹਰਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਜਲਸਾ ਸਲਾਨਾ ਯੂ.ਕੇ. ਆਪਣੇ ਸਫ਼ਲ ਅੰਤ ਨੂੰ ਪਹੁੰਚਿਆ । ਇਹ ਤਿੰਨ ਦਿਨ ਬਹੁਤ ਹੀ ਬਰਕਤਾਂ ਭਰਪੂਰ ਸਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਸੰਖੇਪ ਵਿੱਚ ਕੁਝ ਮਹਿਮਾਨਾ ਦੇ ਸੁਪ੍ਰਭਾਵ (ਬਿਆਨ) ਆਪ ਦੇ ਸਾਹਮਣੇ ਰਖੱਾਂਗਾ ਜਿਸ ਤੋਂ ਪ੍ਰਕਟ ਹੁੰਦਾ ਹੈ ਕਿ ਜਲਸੇ ਦੀਆਂ ਬਰਕਤਾਂ ਦਾ ਦੂਜਿਆਂ ਉਪੱਰ ਵੀ ਕਿੰਨ੍ਹਾ ਪ੍ਰਭਾਵ ਹੁੰਦਾ ਹੈ ।

ਬੈਨਿਨ ਦੇ ਇਕ ਮਹਿਮਾਨ ਵੈਲਨਟੀਨ ਹੋਦੇ ਸਾਹਬ ਜੋ ਅੱਠ ਸਾਲ ਮੰਤਰੀ ਰਹਿ ਚੁਕੇ ਹਨ ਅਤੇ ਇਸ ਸਮੇਂ ਮੈਂਬਰ ਆਫ਼ ਪਾਰਲੀਮੈਂਟ ਹਨ, ਜਲਸੇ ਵਿੱਚ ਸ਼ਾਮਲ ਹੋਏ ਸਨ । ਕਹਿੰਦੇ ਹਨ ਕਿ ਮੈਂ ਜਲਸਾ ਸਾਲਾਨਾ ਤੋਂ ਉਹ ਕੁਝ ਹਾਸਲ ਕੀਤਾ ਹੈ ਜੋ ਮੈਂ ਬਹੁਤ ਖਰਚਾ ਕਰਕੇ ਵੀ ਹਾਸਲ ਨਹੀਂ ਕਰ ਸਕਦਾ ਸੀ । ਇਕ ਸ਼ਾਂਤ ਵਾਤਾਵਰਣ ਅਤੇ ਇਕ ਰੂਹਾਨੀ ਮਾਹੌਲ ਸੀ । ਜਿਸ ਵਿੱਚ ਮੈਂਨੂੰ ਰਹਿਣ ਦਾ ਮੌਕਾ ਮਿਲਿਆ । ਮੈਂ ਅੱਜ ਤੱਕ ਐਨ੍ਹਾ ਵਿਵਸਥਤ ਸਮਾਰੋਹ ਨਹੀਂ ਦੇਖਿਆ ਜਿਸ ਵਿੱਚ ਲਗਭਗ ਚਾਲ੍ਹੀ ਹਜ਼ਾਰ ਲੋਕ ਸ਼ਾਮਲ ਸਨ । ਵੱਖ ਵੱਖ ਕੌਮਾ, ਰੰਗਾ ਤੇ ਨਸਲਾਂ ਦੇ ਲੋਕ ਹਨ ਪਰ ਫਿਰ ਵੀ ਐਨ੍ਹਾ ਸ਼ਾਂਤ ਵਾਤਾਵਰਣ ਹੈ ਨ ਕੋਈ ਲੜਾਈ ਨ ਝਗੜਾ ਹਰ ਇਕ ਦੂਜੇ ਦੀ ਸੇਵਾ ਵਿੱਚ ਮਸਰੂਫ਼ ਹੈ ਛੋਟੇ, ਵੱਡੇ, ਬੁੱਢੇ, ਜਵਾਨ, ਇਸਤਰੀਆਂ ਅਤੇ ਬੱਚੀਆਂ ਸਾਰੇ ਹੀ ਆਲਾ ਅਖ਼ਲਾਕ ਨਾਲ ਦੂਜਿਆਂ ਦੇ ਆਰਾਮ ਲਈ ਕੰਮ ਕਰ ਰਹੇ ਹਨ ਮੇਰੇ ਲਈ ਇਹ ਬਹੁਤ ਵੱਡੀ ਗੱਲ ਹੈ ਅਤੇ ਹੈਰਾਨੀ ਦੀ ਗੱਲ ਹੈ ਕਿ ਐਨ੍ਹੇ ਵੱਡੇ ਸਮੂਹ ਵਿੱਚ ਨ ਕੋਈ ਪੁਲਿਸ ਨ ਕੋਈ ਫ਼ੌਜ ਦਿਖਾਈ ਨਹੀਂ ਦਿੱਤੀ, ਹਰ ਪਾਸੇ ਜਮਾਤ ਅਹਮਦੀਆਂ ਦੇ ਰਜ਼ਾਕਾਰ (ਸਵੈਸੇਵਕ) ਹੀ ਕੰਮ ਕਰਦੇ ਦਿਖਾਈ ਦੇ ਰਹੇ ਸਨ । ਮੈਂ ਸੋਚ ਰਿਹਾ ਸੀ ਕਿ ਅੱਜ ਦੇ ਦੌਰ ਵਿੱਚ ਨਿਸ਼ਕਾਮ ਅਤੇ ਨਿਰਸਵਾਰਥ

ਹੋਕੇ ਕੰਮ ਕਰਨਾ ਕਿਵੇਂ ਸੰਭਵ ਹੋ ਸਕਦਾ ਹੈ, ਫਿਰ ਮੈਂ ਇਸ ਨਤੀਜੇ ’ਤੇ ਪਹੁੰਚਿਆ ਹਾਂ ਕਿ ਇਹ ਸਭ ਕੁਝ ਜਮਾਤ ਅਹਮਦੀਆ ਵਿੱਚ ਖ਼ਿਲਾਫ਼ਤ ਦੀ ਅਗਵਾਈ ਦੀ ਬਦੌਲਤ ਹੀ ਸੰਭਵ ਹੈ । ਮੈਂ ਕਹਿ ਸਕਦਾ ਹਾਂ ਕਿ ਜਮਾਤ ਅਹਮਦੀਆ ਜੋ ਇਸਲਾਮ ਦੁਨੀਆ ਸਾਹਮਣੇ ਪੇਸ਼ ਕਰਦੀ ਹੈ ਅਤੇ ਜਿਸ ਢੰਗ ਨਾਲ ਆਪਣੇ ਮੈਂਬਰਾਂ ਦੀ ਤਰਬੀਯਤ (ਸੀਖ ਸਿੱਖਿਆ) ਕਰ ਰਹੀ ਹੈ ਇਸ ਰਾਹੀਂ ਬਹੁਤ ਛੇਤੀ ਦੁਨੀਆ ਇਸਲਾਮ ਅਹਮਦੀਅਤ ਵਿੱਚ ਦਾਖ਼ਲ ਹੋ ਜਾਏਗੀ । ਇਸ ਜਲਸੇ ਦੀਆਂ ਬਹੁਤ ਸੁੰਦਰ ਯਾਦਾਂ ਨੂੰ ਲੈਕੇ ਲੰਦਨ ਤੋਂ ਵਾਪਸ ਆਪਣੇ ਦੇਸ਼ ਪਰਤ ਰਿਹਾ ਹਾਂ । ਮੇਰੇ ਲਈ ਇਹ ਘੜੀਆਂ ਤੇ ਪਲ ਵਰਨਣ ਕਰਨਾ ਅਸੰਭਵ ਹਨ ।

ਬੈਨਿਨ ਦੇ ਹੀ ਇਕ ਮਹਿਮਾਨ ਰਿਵਾਨੋ ਪਾਸਕਲ ਸਾਹਬ ਜੋ ਬੈਨਿਨ ਦੇ ਮੰਤਰੀਮੰਡਲ ਵਿੱਚ ਪਲਾਨਿੰਗ ਡਿਵਲਪਮੈਂਟ (Planning Development) ਵਿੱਚ ਆਲਾ ਉਹਦੇ ਉਪੱਰ ਹਨ ਕਹਿੰਦੇ ਹਨ ਮੈਂ ਬਹੁਤ ਕਾਂਫ੍ਰੰਸਾਂ ਦੇਖੀਆਂ ਹਨ, ਪਰ ਆਪ ਦੇ ਜਲਸੇ ਵਾਂਗ ਵਿਵਸਥਤ ਤੇ ਸਫ਼ਲ ਜਲਸਾ ਪਹਿਲਾਂ ਕਦੇ ਨਹੀਂ ਦੇਖਿਆ । ਇਸ ਜਲਸੇ ਵਿੱਚ ਸਾਰੇ ਕੰਮ ਕਰਨ ਵਾਲੇ ਵਰਕਰ ਆਪਣੀਆਂ ਆਪਣੀਆਂ ਜ਼ਿੰਮੇਦਾਰੀਆਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਇਹਨਾ ਕਰਤਵਾਂ ਨੂੰ ਬਹੁਤ ਸੋਹਣੇ ਢੰਗ ਨਾਲ ਨਿਭਾ ਰਹੇ ਸਨ । ਚਾਲ੍ਹੀ ਹਜ਼ਾਰ ਲੋਕਾਂ ਨੂੰ ਖਾਣਾ ਖੁਆਉਂਣਾ ਹੈਰਾਨੀ ਦੀ ਗੱਲ ਸੀ, ਪਰ ਸਭ ਤੋਂ ਵੱਡੀ ਤੇ ਅਵਿਸ਼ਵਸਨੀ ਗੱਲ ਇਹ ਹੈ ਕਿ ਸਾਰੇ ਖਾਣਾ ਬਨਾਉਣ ਵਾਲੇ ਅਤੇ ਖ਼ੁਆਉਣ ਵਾਲੇ ਸਾਰੇ ਹੀ ਰਜ਼ਾਕਾਰ (ਸਵੈਸੇਵਕ) ਸਨ । ਜੇਕਰ ਸਾਰੀ ਦੁਨੀਆਂ ਵਿੱਚ ਇਸ ਭਾਵਨਾ ਹੇਠ ਕੰਮ ਕੀਤਾ ਜਾਵੇ ਤਾਂ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਦੁਨੀਆ ਵਿੱਚੋਂ ਜੰਗਾ ਤੇ ਜੁੱਧ ਖ਼ਤਮ ਹੋ ਜਾਣ ਅਤੇ ਮਾਨਵ ਜਾਤੀ ਦੀਆਂ ਸਮੱਸਿਆਵਾਂ ਖ਼ਤਮ ਹੋ ਜਾਣ । ਮੈਂ ਜਮਾਤ ਅਹਮਦੀਆ ਦੀ ਪ੍ਰਸ਼ੰਸਾ ਕੀਤੇ ਬਿਨਾ ਨਹੀਂ ਰਹਿ ਸਕਦਾ ਇਸ ਦਾ ਬਚੱਾ, ਵਡੱਾ, ਨੌਜੁਆਨ, ਬੁਢੱਾ ਅਤੇ ਇਸਤਰੀਆਂ ਸਾਰੇ ਹੀ ਵਿਵਸਥਤ ਤੇ ਸੁਘੜ ਲੋਕ ਹਨ ।

ਹੇਟੀ ਦੇ ਰਾਸ਼ਟਰਪਤੀ ਦੇ ਨੁਮਾਇੰਦੇ ਜੋਜ਼ਫ਼ ਪੀਰੇ ਸਾਹਬ ਕਹਿੰਦੇ ਹਨ, ਇਹ ਜਲਸਾ ਮੇਰੇ ਜੀਵਨ ਦਾ ਬਹੁਤ ਹੀ ਚੰਗਾ ਤਜਰਬਾ ਸੀ ਜੋ ਮੈਂ ਕਦੇ ਵੀ ਭੁੱਲ ਨਹੀਂ ਸਕਦਾ । ਸਵੈਸੇਵਕਾਂ ਦੀ ਅਦੁੱਤੀ ਕਾਰਜਕਾਰੀ ਨੇ ਮੇਰੀਆਂ ਅਖੱਾਂ ਖੋਲ ਦਿੱਤੀਆਂ ਹਨ ਸਗੋਂ ਇਸਲਾਮ ਬਾਰੇ ਮੇਰੇ ਵਿਚਾਰਾਂ ਨੂੰ ਉਕੱਾ ਹੀ ਬਦਲ ਦਿਤੱਾ ਹੈ ।

ਆਇਵਰੀਕੋਸਟ ਤੋਂ ਸੁਪਰੀਮ ਕੋਰਟ ਦੇ ਇਕ ਜੱਜ ਤਮਰੇਲੀ ਸਾਹਬ ਆਏ ਸਨ ਜੋ ਆਇਵਰੀ ਕੋਸਟ ਦੀ ਨੈਸ਼ਨਲ ਕਾਂਸਟੀਟਿਊਸ਼ਨ ਕੌਂਸਲ ਦੇ ਐਡਵਾਈਜ਼ਰ ਵੀ ਹਨ । ਕਹਿੰਦੇ ਹਨ ਮੈਂ ਮੁਸਲਮਾਨ ਹਾਂ ਅਤੇ ਬੀਤੇ ਵੀਹ ਸਾਲਾਂ ਤੋਂ ਵੱਖ ਵੱਖ ਇਸਲਾਮੀ ਫ਼ਿਰਕਿਆਂ ਦੇ ਧਾਰਮਕ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲ ਰਿਹਾ ਹੈ, ਪਰ ਮੈਂਨੂੰ ਇਹਨਾਂ ਵੀਹ ਸਾਲਾਂ ਵਿੱਚ ਇਸਲਾਮ ਦਾ ਉਹ ਗਿਆਨ ਹਾਸਲ ਨਹੀਂ ਹੋਇਆ ਜੋ ਜਲਸੇ ਦੇ ਇਹਨਾਂ ਤਿੰਨਾਂ ਦਿਨਾਂ ਵਿੱਚ ਹੋਇਆ ਹੈ । ਇਹਨਾਂ ਤਿੰਨਾਂ ਦਿਨਾਂ ਵਿੱਚ ਮੈਂ ਰੂਹਾਨੀ ਤੌਰ’ਤੇ ਮੈਂਨੂੰ ਜੋ ਤਰੱਕੀ ਮਿਲੀ ਹੈ ਉਹ ਬੀਤੇ ਵੀਹ ਸਾਲਾਂ ਵਿੱਚ ਨਹੀਂ ਮਿਲੀ । ਕਹਿੰਦੇ ਹਨ ਕਿ ਗ਼ੈਰ ਅਹਮਦੀ ਮੌਲਵੀਆਂ ਕੋਲ ਕੁਝ ਨਹੀਂ ਹੈ । ਇਸਲਾਮ ਬਾਰੇ ਜੇਕਰ ਕਿਸੇ ਨੇ ਹਕੀਕੀ ਸਿੱਖਿਆ ਹਾਸਲ ਕਰਨੀ ਹੈ ਤਾਂ ਉਹ ਜਮਾਤ ਅਹਮਦੀਆ ਕੋਲ ਆਏ ।

ਜਾਪਾਨ ਤੋਂ ਆਉਣ ਵਾਲੇ ਜੱਥੇ ਵਿੱਚ ਸ਼ਾਮਲ ਇਕ ਇਸਤਰੀ ਯੂਕੀਕੋ ਕੋਡੋ ਸਾਹਿਬਾ ਕਹਿੰਦੀ ਹਨ ਕਿ ਇਸਤਰੀਆਂ ਦੇ ਭਾਸ਼ਣਾਂ ਤੋਂ ਪਤਾ ਲਗੱਦਾ ਹੈ ਕਿ ਇਮਾਮ ਜਮਾਤ ਅਹਮਦੀਆ ਦੀਆਂ ਨਸੀਹਤਾਂ ਉਹ ਪ੍ਰੋਟੈਕਸ਼ਨ ਹਨ ਕਿ ਜਿੰਨ੍ਹਾ ਦੀ ਛਾਂ ਹੇਠ ਅਹਮਦੀਅਤ ਤਰੱਕੀ ਕਰ ਰਹੀ ਹੈ । ਪਰਿਵਾਰਾਂ ਨੂੰ ਜੋੜਨਾ ਅਤੇ ਮਸ਼ੀਨੀ ਦੁਨੀਆਂ ’ਚੋਂ ਬਾਹਰ ਕਢੱਣਾ ਵਾਸਤਵ ਵਿੱਚ ਇਸ ਸਮੇਂ ਦੁਨੀਆ ਦੀ ਲੋੜ ਹੈ । ਕਹਿੰਦੀ ਹਨ ਅਸੀਂ ਇਹ ਸੋਚ ਰਹੇ ਸਨ ਕਿ ਉਹ

ਕਿਹੜੀ ਸ਼ਕਤੀ ਹੈ ਜੋ ਜਮਾਤ ਅਹਮਦੀਆ ਦੇ ਲੋਕਾਂ ਵਿੱਚ ਧਾਰਕਮ ਸੇਵਾ ਦੀ ਭਾਵਨਾ ਅਤੇ ਜੋਸ਼ ਨੂੰ ਬਣਾਈ ਰੱਖੇ ਹੋਏ ਹੈ । ਇਹ ਪ੍ਰਸ਼ਨ ਸਾਡੀਆਂ ਸੋਚਾਂ ਵਿੱਚ ਘੁੰਮ ਰਿਹਾ ਸੀ, ਪਰ ਜਲਸੇ ਦੇ ਪਹਿਲੇ ਦਿਨ ਹੀ ਦੁਆ ਵਿੱਚ ਸ਼ਾਮਲ ਹੋਕੇ ਅਤੇ ਇਮਾਮ ਜਮਾਤ ਦੀਆਂ ਨਸੀਹਤਾਂ ਸੁਣਕੇ ਵਿਸ਼ਵਾਸ ਹੋ ਗਿਆ ਕਿ ਦੁਆ ਹੀ ਉਹ ਸ਼ਕਤੀ ਹੈ ਜੋ ਜਮਾਤ ਅਹਮਦੀਆ ਅਤੇ ਦੁਨੀਆ ਭਰ ਵਿੱਚ ਭਿੰਨਤਾ ਪੈਦਾ ਕਰ ਰਹੀ ਹੈ । ਜਲਸੇ ਵਿੱਚ ਸਾਨੂੰ ਵਾਰ ਵਾਰ ਦੁਆ ਕਰਨ ਦਾ ਮੌਕਾ ਮਿਲਿਆ, ਦੁਆ ਦੇ ਬਾਦ ਅਸੀਂ ਦੇਖਿਆ ਕਿ ਸਾਡੇ ਦਿਲ ਵੀ ਹੌਲ੍ਹੇ ਹੋਏ ਹਨ ਅਤੇ ਸਾਡੀ ਰੂਹ (ਆਤਮਾ) ਨੂੰ ਇਕ ਤਾਜ਼ਗੀ ਮਿਲੀ ਹੈ ।

ਜਾਪਾਨ ਤੋਂ ਆਏ ਹੋਏ ਇਕ ਮਹਿਮਾਨ ਨਸ਼ੀਦਾ ਸਾਹਿਬ ਜੋ ਬੁਧ ਮੱਤ ਦੇ ਚੀਫ਼ ਪ੍ਰੀਸਟ ਹਨ ਕਹਿੰਦੇ ਹਨ ਬੈਅਤ ਦੀ ਤਕਰੀਬ (ਦੀਖਿਅਤ ਹੋਣ ਦਾ ਸਮਾਰੋਹ) ਦੇਖਕੇ ਅਹਿਸਾਸ ਹੋਇਆ ਕਿ ਸਾਡਾ ਇਕ ਰੱਬ ਹੈ, ਉਸ ਦੇ ਅੱਗੇ ਝੁੱਕਿਆ ਜਾਏ ਤਾਂ ਦਿਲਾਂ ਨੂੰ ਸਾਂਤੀ ਮਿਲਦੀ ਹੈ ਅਤੇ ਪਾਪ ਧੁੱਲ ਜਾਂਦੇ ਹਨ, ਭਾਵ ਸਾਰੇ ਮਨੁੱਖੀ ਮਤਿਭੇਦ ਖ਼ਤਮ ਕਰਕੇ ਇਕ ਹੋਣਾ ਚਾਹੁਣ ਤਾਂ ਹੋ ਸਕਦੇ ਹਨ ਫਿਰ ਇਹ ਕਹਿੰਦੇ ਹਨ ਬੈਅਤ ਦੀ ਤਕਰੀਬ ਵਿੱਚ ਸ਼ਾਮਲ ਹੋਕੇ ਆਪਮੁਹਾਰੇ ਹੀ ਸਾਡੀਆਂ ਅਖੱਾਂ'ਚੋਂ ਹੰਝੂ ਜਾਰੀ ਹੋ ਗਏ ਅਤੇ ਅਸੀਂ ਵੀ ਸਜੱਦੇ ਵਿੱਚ ਡਿੱਗ ਗਏ ਅਤੇ ਸਾਨੂੰ ਵੀ ਲੱਗਿਆ ਕਿ ਵਾਕਈ ਸਾਡੇ ਪਾਪ ਵੀ ਧੁੱਲ ਰਹੇ ਹਨ ।

ਇੰਡੋਨੇਸ਼ੀਆ ਦੀ ਇਕ ਮਹਿਮਾਨ ਇਸਤਰੀ ਹਨ ਜੋ ਕਿ ਮੁਸਲਮਾਨ ਇਸਤਰੀਆਂ ਦੀ ਇਕ ਤੰਜ਼ੀਮ ਦੀ ਆਗੂ ਹਨ ਕਹਿੰਦੀ ਹਨ ਕਿ ਲੋਕ ਕਹਿੰਦੇ ਹਨ ਕਿ ਜਮਾਤ ਅਹਮਦੀਆ ਕੁਫ਼ਰ ਤੇ ਗੁਮਰਾਹੀ ਵਿੱਚ ਗ੍ਰਿਸੀ ਹੋਈ ਹੈ ਅਤੇ ਦੂਜਿਆਂ ਨੂੰ ਵੀ ਗੁਮਰਾਹ ਕਰ ਰਹੀ ਹੈ, ਪਰ ਹਕੀਕਤ ਇਹ ਹੈ ਕਿ ਇਹੋ ਸੱਚੇ ਮੁਸਲਮਾਨ ਹਨ ਜੋ ਨਮਾਜ਼ ਦੇ ਪਾਬੰਦ ਹਨ ਹਕੂਕੁਲੱਾਹ ਤੇ ਹਕੂਕੁਲ ਇਬਾਦ (ਰੱਬ ਅਤੇ ਧਾਰਮਕਤਾ ਦੇ ਅਧਿਕਾਰ) ਵੀ ਬਹੁਤ ਚੰਗੇ ਢੰਗ ਨਾਲ ਪੂਰੇ ਕਰ ਰਹੇ ਹਨ । ਇਕ ਦੂਜੇ ਦਾ ਸਨਮਾਨ ਕਰਦੇ ਹਨ । ਹਰ ਗੱਲ ਕਰਨ ਤੋਂ ਪਹਿਲਾਂ ਅਸੱਲਾਮੁ ਅਲੈਕੁਮ ਕਹਿੰਦੇ ਹਨ, ਹਰ ਪ੍ਰੋਗਰਾਮ ਵਿੱਚ ਅਨੁਸ਼ਾਸਨ ਅਤੇ ਆਗਿਆਕਾਰੀ ਨਾਲ ਪੈਰ੍ਹਵੀ ਕਰਦੇ ਹਨ ।

ਇੰਡੋਨੇਸ਼ੀਆ ਤੋਂ ਆਏ ਹੋਏ ਇਕ ਗ਼ੈਰ ਅਹਮਦੀ ਸਕਾਲਰ ਜੋ ਉੱਥੇ ਇਕ ਯੂਨੀਵਰਸਿਟੀ ਦੇ ਫ਼ਿਲਾਸਫ਼ੀ ਵਿਭਾਗ ਦੇ ਹੈਡ ਵੀ ਹਨ ਕਹਿੰਦੇ ਹਨ ਕਿ ਇਹੋ ਸਚੱਾ ਇਸਲਾਮ ਹੈ ਅਤੇ ਇਹੋ ਹਕੀਕੀ ਭਾਈਚਾਰਾ ਹੈ । ਜਮਾਤ ਅਹਮਦੀਆ ਇਕ ਇਕੱਲੀ ਤੰਜ਼ੀਮ ਹੈ ਜਿਸ ਦੀ ਉਧਾਰਣ ਕਿਤੇ ਵੀ ਨਹੀਂ ਮਿਲਦੀ । ਜਮਾਤ ਅਹਮਦੀਆ ਦਾ ਮਾਟੋ ਅਤਿਅੰਤ ਉਮਦਾ ਹੈ ਹਰ ਦਿਲ ਵਿੱਚ ਕਿੱਲ੍ਹ ਵਾਂਗ ਗੱਢ ਜਾਂਦਾ ਹੈ ।

ਗਿੱਨੀ ਕਨਾਕਰੀ ਦੇ ਇਕ ਪ੍ਰਾਂਤ ਦੇ ਗਵਰਨਰ ਸਾਰੰਗ ਬੇਕ ਕੁਮਾਰਾ ਸਾਹਿਬਾ ਕਹਿੰਦੀ ਹਨ, ਮੈਂ ਤਾਂ ਇਹੋ ਸਮਝਦੀ ਹਾਂ ਕਿ ਅਹਮਦੀਆ ਜਮਾਤ ਇਸ ਵਿਵਸਥਤ ਅਤੇ ਇਕ ਇਮਾਮ ਦੇ ਇਸ਼ਾਰਿਆਂ ਉਪੱਰ ਚਲੱਣ ਵਾਲੀ ਜਮਾਤ ਹੈ ਅਤੇ ਇਹੋ ਇਸਲਾਮ ਦੀ ਸੁੰਦਰ ਸਿੱਖਿਆ ਹੈ ਜਿਸ ਉਪੱਰ ਅਮਲ ਕਰਦਿਆਂ ਹੋਇਆਂ ਅਸੀਂ ਅੱਜ ਇਕ ਜਮਾਤ ਬਣ ਸਕਦੇ ਹਨ । ਕਹਿੰਦੀ ਹਨ ਕਿ ਦੁਆ ਦੀ ਬਿਨਤੀ ਵੀ ਕਰਦੀ ਹਾਂ ਸਾਡੇ ਦੇਸ਼ ਵਿੱਚ ਰੱਬ ਸ਼ਾਂਤੀ ਸਥਾਪਤ ਕਰੇ ਅਤੇ ਹਕੀਕੀ ਇਸਲਾਮ ਦੀ ਸਥਾਪਨਾ ਅਮਲ ਵਿੱਚ ਆਏ ।

ਗੋਏਟੇਮਾਲਾ ਦੀ ਇਕ ਪਤੱਰਕਾਰ ਇਸਤਰੀ ਗਲੇਡਜ਼ ਰਮੀਰੇਜ਼ ਕਹਿੰਦੀ ਹਨ ਕਿ ਮੈਨੂੰ ਜਮਾਤ ਅਹਮਦੀਆ ਬਰਤਾਨੀਆ ਦੇ ਜਲਸਾ ਸਲਾਨਾ ਵਿੱਚ ਸ਼ਾਮਲ ਹੋਣ ਕਰਕੇ ਹਕੀਕੀ ਇਸਲਾਮੀ ਸਿੱਖਿਆ ਦਾ ਪਰੀਚੈ ਹੋਇਆ । ਮੈਂ ਇਸ ਪੁਰ-ਅਮਨ ਇਸਲਾਮੀ ਸਮਾਜ ਤੋਂ ਅਤਿਅੰਤ ਪ੍ਰਭਾਵਤ ਹਾਂ ਅਤੇ ਮੇਰਾ ਵਿਸ਼ਵਾਸ ਹੈ ਕਿ ਜਮਾਤ ਅਹਮਦੀਆ ਦੇ ਲੋਕ ਵਾਸਤਵ ਵਿੱਚ ਅਮਨ ਤੇ ਸਲਾਮਤੀ ਦਾ ਅਮਲੀ ਰੂਪ ਵਿੱਚ ਸਥਾਪਨ ਕਰ ਰਹੇ ਹਨ ।

ਮੈਕਸੀਕੋ ਤੋਂ ਇਕ ਨਵਅਹਮਦੀ ਅਲਜ਼ਬਿਥ ਪਰੇਰਾ ਸਾਹਿਬਾ ਕਹਿੰਦੀ ਹਨ ਕਿ ਮੈਂ ਜਾਣਦੀ ਹਾਂ ਕਿ ਇਸਲਾਮ ਅਮਨ ਦਾ ਧਰਮ ਹੈ ਪਰ ਮੇਰੇ ਘਰ ਵਾਲੇ ਮੈਨੂੰ ਏਥੇ ਆਉਣ ਤੋਂ ਰੋਕ ਰਹੇ ਸਨ ਅਤੇ ਮੈਨੂੰ ਡਰਾ ਰਹੇ ਸਨ, ਪਰ ਏਥੇ ਪਹੁੰਚਣ ਦੇ ਬਾਦ ਮੈਂ ਇਸ ਨੂੰ ਉਕੱਾ ਹੀ ਵਿਪਰੀਤ ਦੇਖਿਆ । ਕਹਿੰਦੀ ਹਨ ਏਅਰਪੋਰਟ ਤੋਂ ਸਾਨੂੰ ਰਿਸੀਵ ਕਰਨ ਤੋਂ ਲੈਕੇ ਜਲਸਾ ਸਾਲਾਨਾ ਦੇ ਤਿੰਨਾ ਦਿਨਾ ਤੱਕ ਜੋ ਰਜ਼ਾਕਾਰਾਂ ਦੇ ਜਜ਼ਬੇ (ਭਾਵਨਾਵਾਂ) ਤੇ ਸਲੂਕ (ਵਤੀਰੇ) ਮੈਂ ਦੇਖੇ, ਮੈਂ ਉਸ ਤੋਂ ਬਹੁਤ ਪ੍ਰਭਾਵਤ ਹੋਈ ਹਾਂ ।

ਫਿਰ ਮੈਕਸੀਕੋ ਦੀ ਹੀ ਇਕ ਨਵੀਂ ਅਹਮਦੀ ਲੋਰਾਬ੍ਰੀਤਸ ਸੋਵੇਰਾਨੋਸ ਸਾਹਿਬਾ ਕਹਿੰਦੀ ਹਨ ਕਿ ਰਜ਼ਾਕਾਰ ਕਦੇ ਕਦੇ ਮੇਰੀ ਗੱਲ ਸਮਝ ਨਹੀਂ ਪਾਉਂਦੇ ਸਨ, ਪਰੰਤੂ ਭਾਸ਼ਾ ਦਾ ਅੰਤਰ ਅਹਮਦੀਆਂ ਦੇ ਸੰਬੰਧਾਂ ਵਿੱਚ ਰੋਕ ਨਹੀਂ ਬਣ ਸਕਦਾ । ਰੱਬ ਦੇ ਪਿਆਰ ਨੇ ਸਾਨੂੰ ਇਕ ਬਣਾ ਦਿੱਤਾ ਹੈ । ਮੈਂ ਅਜਿਹਾ ਅਨੁਭਵ ਕਰ ਰਹੀ ਹਾਂ ਜਿਵੇਂ ਆਪਣੇ ਘਰ ਵਾਲਿਆਂ ਨਾਲ ਹਾਂ ਅਤੇ ਸਮੇਂ ਦੇ ਖ਼ਲੀਫ਼ਾ ਸਾਹਬ ਦੇ ਸੰਬੋਧਨ ਸੁਣਕੇ ਮੈਂ ਆਪਣਾ ਜਾਇਜ਼ਾ ਲਿਆ ਕਿ ਮੇਰੇ ਵਿੱਚ ਕਿਹੜੀਆ ਕਿਹੜੀਆਂ ਕਮਜ਼ੋਰੀਆਂ ਹਨ ਅਤੇ ਹੁਣ ਮੈਨੂੰ ਵਿਸ਼ਵਾਸ ਹੈ ਕਿ ਮੈਂ ਠੀਕ ਸਥਾਨ'ਤੇ ਹਾਂ ਅਤੇ ਰੱਬ ਨੇ ਮੈਨੂੰ ਹਿਦਾਇਤ ਦਾ ਮਾਰਗ ਦਿਖਾ ਦਿੱਤਾ ਹੈ । ਮੇਰੀ ਦਿਲੀ ਇਛੱਾ ਹੈ ਕਿ ਜਿਵੇਂ ਮੇਰਾ ਇਮਾਨ ਪਕੱਾ ਹੋ ਗਿਆ ਹੈ ਮੇਰੇ ਘਰ ਵਾਲੇ ਵੀ ਇਸਲਾਮ ਨੂੰ ਜਾਨਣ ਅਤੇ ਉਹਨਾਂ ਦਾ ਇਮਾਨ ਵੀ ਪਕੱਾ ਹੋਵੇ ।

ਫਿਰ ਮੁਹਮੱਦ ਮਬਾਹੂ ਅਜ਼ੀਜ਼ ਸਾਹਬ ਕੈਮਰੂਨ ਤੋਂ ਕਹਿੰਦੇ ਹਨ ਕਿ ਇਸਤਰੀਆਂ ਵਿੱਚ ਜੋ ਭਾਸ਼ਣ ਸਮੇਂ ਦੇ ਖ਼ਲੀਫ਼ਾ ਸਾਹਬ ਨੇ ਦਿਤੱਾ ਸੀ ਉਹ ਸਾਡੀ ਨਵੀਂ ਨਸਲ ਦੀ ਸੀਖ ਸਿੱਖਿਆ ਲਈ ਬਹੁਤ ਹੀ ਮਹਤੱਵਪੂਰਨ ਹੈ । ਸੋਸ਼ਲ ਮੀਡੀਆ ਦੀ ਕੀ ਵਰਤੋਂ ਹੋਣੀ ਚਾਹੀਦੀ ਹੈ, ਇਹ ਸਾਰੀਆਂ ਗਲੱਾਂ ਇਸ ਸਮੇਂ ਦੀਆਂ ਮਹਤੱਵਪੂਰਨ ਲੋੜਾਂ ਹਨ। ਜੇਕਰ ਅਸੀਂ ਆਪਣੇ ਬੱਚਿਆਂ ਨੂੰ ਇਸ ਵਾਤਾਵਰਣ ਤੋਂ ਨ ਬਚਾਇਆ ਤਾਂ ਉਹ ਇੰਸਾਨੀਅਤ ਅਤੇ ਇਸਲਾਮ ਤੋਂ ਬਹੁਤ ਦੂਰ ਚਲੇ ਜਾਣਗੇ, ਸਾਨੂੰ ਇਸ ਸਿੱਖਿਆ ਨੂੰ ਅਪਨਾਉਂਣਾ ਹੋਵੇਗਾ । ਫਿਰ ਕਹਿੰਦੇ ਹਨ ਕਿ ਜੋ 'ਫ਼ੁਹਸ਼ਾ' (ਅਸ਼ਲੀਲਤਾਂ) ਦੀ ਵਿਆਖਿਆ ਹਜ਼ੂਰ ਅਨਵਰ ਨੇ ਆਪਣੇ ਅੰਤਮ ਭਾਸ਼ਣ ਵਿੱਚ ਕੀਤੀ ਹੈ, ਉਹ ਬਹੁਤ ਅਸਰ ਰਖੱਣ ਵਾਲੀ ਸੀ । ਜੇਕਰ ਅਸੀਂ ਸਮੇਂ ਦੇ ਖ਼ਲੀਫ਼ਾ ਦੀ ਇਸ ਵਿਆਖਿਆ ਨੂੰ ਸਮਝੀਏ ਅਤੇ ਇਸ ਉਪੱਰ ਅਮਲ ਵੀ ਕਰੀਏ ਤਾਂ ਅਸੀਂ ਆਪਣੀ ਨਵੀਂ ਨਸਲ ਨੂੰ ਪਾਕ ਤੇ ਸਾਫ਼ ਸਾਮਜ ਦੇ ਸਕਦੇ ਹਾਂ । ਸ਼ਬਦ 'ਫ਼ੁਹਸ਼ਾ' (ਅਸ਼ਲੀਲਤਾ) ਦੀ ਇਸ ਵਿਆਖਿਆ ਨੇ ਮੈਨੂੰ ਹਿਲਾਕੇ ਰੱਖ ਦਿੱਤਾ ਹੈ ਇਹ ਅਜਿਹਾ ਚੰਗਾ ਨੁਕਤਾ ਹੈ ਜਿਸ ਨੂੰ ਮੈਂ ਆਪਣੇ ਜੀਵਨ ਦਾ ਅੰਗ ਬਣਾਈ ਰਖੱਾਂਗਾ ।

ਫ਼ਿਲਪਾਈਨ ਦੇ ਜਾਰਜ ਕਰੀਨਵ ਸਾਹਬ ਆਏ ਸਨ । ਇਹ ਟੀਵੀ ਚੈਨਲ ਏ.ਬੀ.ਐਸ.ਸੀ.ਬੀ.ਐਨ ਦੇ ਪ੍ਰਸਿੱਧ ਮਾਰਨਿੰਗ ਸ਼ੋਅ ਦੇ ਮੇਜ਼ਬਾਨ ਹਨ । ਕਹਿੰਦੇ ਹਨ ਕਿ ਇਹ ਮੇਰੇ ਜੀਵਨ ਵਿੱਚ ਪਹਿਲਾ ਮੌਕਾ ਸੀ ਕਿ ਮੈਂ ਐਂਨ੍ਹੀ ਵੱਡੀ ਗਿਣਤੀ ਵਿੱਚ ਵੱਖ ਵੱਖ ਦੇਸ਼ਾ, ਰੰਗਾ ਤੇ ਨਸਲਾਂ ਦੇ ਲੋਕਾਂ ਨੂੰ ਇਕ ਥਾਂ ਇਕਤੱਰ ਦੇਖਿਆ । ਇਕ ਪਤੱਰ ਪ੍ਰੇਰਕ ਹੋਣ ਕਰਕੇ ਮੈਨੂੰ ਹਜ਼ਾਰਾਂ ਹੀ ਜਲਸੇ ਦੇਖਣ ਦਾ ਮੌਕਾ ਮਿਲਿਆ, ਪਰ ਜਿੰਨ੍ਹੀ ਸ਼ਾਂਤੀ ਤੇ ਅਮਨ ਅਤੇ ਅਨੁਸ਼ਾਸਨ ਤੇ ਆਗਿਆਕਾਰੀ ਨਾਲ ਜਲਸਾ ਸਲਾਨਾ ਦੇ ਪ੍ਰਬੰਧ ਤੇ ਕਾਰਜਕਾਰੀ ਹੋਈ ਹੈ ਇਸ ਦੀ ਉਧਾਰਣ ਮੈਂ ਪਹਿਲਾਂ ਕਦੇ ਨਹੀਂ ਦੇਖੀ । ਇਸ ਜਲਸੇ ਨੇ ਮੇਰੀ ਸੋਚ ਨੂੰ ਪਹਿਲਾਂ ਦੀ ਤੁਲਨਾ ਵਿੱਚ ਬਹੁਤ ਅਧਿਕ ਖੋਲ੍ਹ ਦਿੱਤਾ ਹੈ ਅਤੇ ਮੈਨੂੰ ਇਕ ਨਵਾਂ ਦ੍ਰਿਸ਼ਟੀਕੋਣ ਦਿੱਤਾ ਹੈ । ਇਸ ਕਰਕੇ ਮੈਨੂੰ ਇਕ ਨਵੇਂ ਕਲਚਰ, ਤਹਿਜ਼ੀਬ ਤੇ ਆਚਰਣ ਨੂੰ ਦੇਖਣ ਦਾ ਮੌਕਾ ਮਿਲਿਆ ਜੋ ਫ਼ਿਲਪਾਈਨ ਦੇ ਕਲਚਰ ਤੋਂ ਭਿੰਨ੍ਹ ਹੈ ।

ਕੈਨੇਡਾ ਤੋਂ ਇੰਡੀਜੈਂਸ ਲੋਕਾਂ ਦਾ ਜਥੱਾ ਵੀ ਸ਼ਾਮਲ ਹੋਇਆ ਸੀ । ਉਹਨਾਂ ਨੇ ਆਪਣੇ ਸਿਰਾਂ'ਤੇ ਆਪਣੇ ਵੱਡੇ ਰਿਵਾਇਤੀ ਤਾਜ ਪਾਏ ਹੋਏ ਸਨ, ਇਹਨਾਂ ਦੇ ਤਿੰਨ ਕਬੀਲਿਆਂ ਦੇ ਚੀਫ਼ ਅਤੇ ਇਕ ਇਹਨਾਂ ਦਾ ਯੂਥ ਲੀਡਰ ਸ਼ਾਮਲ ਸੀ, ਇਹਨਾਂ ਦੇ ਯੂਥ ਲੀਡਰ ਮੈਕਸ ਫ਼ੈਂਡੇ ਕਹਿੰਦੇ ਹਨ ਕਿ ਸਾਨੂੰ ਖ਼ੁਦੱਾਮਾ ਦੀ ਰਜ਼ਾਕਾਰਾਨਾ ਸੇਵਾ (ਨੌਜੁਆਨਾਂ ਦੀ ਸਵੈ ਸੇਵੀ ਸੰਸਥਾ ਦੀ ਸੇਵਾ) ਨੇ ਬਹੁਤ ਪ੍ਰਭਾਵਤ ਕੀਤਾ ਹੈ । ਅਸੀਂ ਵਾਪਸ ਜਾਕੇ ਛੇਤੀ ਹੀ ਅਹਮਦੀਆ ਯੂਥ ਅਤੇ ਫ਼ਰਸਟ ਨੇਸ਼ਨ ਯੂਥ ਦੇ ਨਾਲ ਇਕੱਠੇ ਪ੍ਰੋਗਰਾਮਜ਼ ਕਰਾਂਗੇ । ਅਹਮਦੀ ਨੌਜੁਆਨਾ ਜਿਹੀ ਅਨੁਸਾਸ਼ਤ ਵਿਵਸਥਾ ਮੈਂ ਕਿਸੇ ਕੌਮ ਵਿੱਚ ਨਹੀਂ ਦੇਖੀ । ਉਹਨਾਂ ਦੇ ਇਕ ਚੀਫ਼ ਰੋਗੋਰੇਗ ਮੈਂਨ ਕਹਿੰਦੇ ਹਨ ਕਿ ਮੈਂਨੂੰ ਸਿਗਰੈਟ ਨੋਸ਼ੀ ਦੀ ਬਹੁਤ ਆਦਤ ਹੈ ਸਗੋਂ ਤੰਬਾਕੂ ਨੋਸ਼ੀ ਸਾਡੇ ਧਰਮ ਦਾ ਇਕ ਅੰਗ ਹੈ ਅਤੇ ਇਸ ਨੂੰ ਆਤਮਕਤਾ ਲਈ ਚੰਗਾ ਸਮਝਿਆ ਜਾਂਦਾ ਹੈ । ਪਰ ਜੱਦ ਸਮੇਂ ਦੇ ਖ਼ਲੀਫ਼ਾ ਨੇ ਜਮਾਤ ਦੇ ਲੋਕਾਂ ਨੂੰ ਇਹ ਕਿਹਾ ਕਿ ਸਿਗ੍ਰੈਟ ਨੋਸ਼ੀ ਤੋਂ ਬਚਣਾ ਹੈ ਤਾਂ ਚੀਫ਼ ਦੇ ਕਿਹਾ ਕਿ ਮੈਂ ਵੀ ਪ੍ਰਣ ਕੀਤਾ ਅਤੇ ਇਸ ਗਲ ਦਾ ਪ੍ਰਗਟਾਵਾ ਵੀ ਕੀਤਾ ਕਿ ਮੈਂ ਜਲਸੇ ਦੇ ਦਿਨਾਂ ਵਿੱਚ ਸਿਗ੍ਰੈਟ ਨੋਸ਼ੀ ਤੋਂ ਪਰਹੇਜ਼ ਕਰਾਂਗਾ ਅਤੇ ਫਿਰ ਆਪ ਪ੍ਰਣ'ਤੇ ਕਾਇਮ ਵੀ ਰਹੇ । ਫਿਰ ਕਹਿੰਦੇ ਹਨ ਕਿ ਸਮੇਂ ਦੇ ਖ਼ਲੀਫ਼ਾ ਦੇ ਭਾਸ਼ਣ ਸੁਣਨ ਦੇ ਬਾਦ ਮੇਰਾ ਇਹ ਪ੍ਰਭਾਵ ਹੈ ਕਿ ਜੇਕਰ ਇਸਲਾਮ ਦੀ ਸਿੱਖਿਆ ਪ੍ਰੇਮ ਕਰਨਾ, ਅਮਨ ਫ਼ੈਲਾਉਂਣਾ ਅਤੇ ਮਾਨਵਤਾ ਨਾਲ ਹਮਦਰਦੀ ਹੈ ਜਿਵੇਂ ਕਿ ਆਪ ਨੇ ਆਪਣੇ ਭਾਸ਼ਣ ਵਿੱਚ ਵਰਨਣ ਕੀਤਾ ਹੈ ਤਾਂ ਮੈਂ ਜ਼ਰੂਰ ਇਕ ਅਹਮਦੀ ਬਣਨਾ ਪਸੰਦ ਕਰਾਂਗਾ ।

ਫ਼ਿਰ ਫ਼ਰਸਟ ਨੇਸ਼ਨ ਦੇ ਇਕ ਚੀਫ਼ ਲੀਗ ਰਾਓ ਚਾਇਲ ਕਹਿੰਦੇ ਹਨ ਜੋ ਸਨਮਾਨ ਅਤੇ ਪ੍ਰੇਮ ਇਸ ਜਲਸੇ ਵਿੱਚ ਸਾਨੂੰ ਮਿਲਿਆ ਹੈ ਉਹ ਸਾਡੀਆਂ ਸਦੀਆਂ ਪੁਰਾਣੀ ਸਿੱਖਿਆ ਨਾਲ ਸੁਮੇਲ ਰਖੱਦੀ ਸੀ ਜਿਵੇਂ ਕਿ ਅਸੀਂ ਇਕ ਦੂਜੇ ਦੇ ਨਾਲ ਪ੍ਰੇਮ ਅਤੇ ਭਾਈਚਾਰੇ ਨਾਲ ਰਹਿੰਦੇ ਸਨ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ ਗਈਆਂ । ਮੈਂ ਜਮਾਤ ਅਹਮਦੀਆ ਵਿੱਚ ਦੇਖਿਆ ਹੈ ਕਿ ਨ ਤਾਂ ਇਹ ਲੋਕ ਇਕ ਦੂਜੇ ਨਾਲ ਝਗੜਦੇ ਹਨ ਨ ਇਕ ਦੂਜੇ ਨਾਲ ਬਹਿਸ ਕਰਦੇ ਹਨ ਅਤੇ ਨ ਹੀ ਇਕ ਦੂਜੇ ਦੇ ਵਿਰੁਧ ਕੋਈ ਗੱਲ ਕਰਦੇ ਹਨ ।

ਜਮੀਕਾ ਤੋਂ ਇਕ ਗ਼ੈਰ ਅਹਮਦੀ ਇਸਤਰੀ ਓਇਡਾ ਅਲਜ਼ਬਿਥ ਸਾਹਿਬਾ ਸ਼ਾਮਲ ਹੋਈ ਸਨ ਕਹਿੰਦੀ ਹਨ ਮੈਂਨੂੰ ਇਹ ਗੱਲ ਬਹੁਤ ਚੰਗੀ ਲੱਗੀ ਕਿ ਇਸਤਰੀਆਂ ਤੇ ਪੁਰੁਸ਼ ਵੱਖ ਵੱਖ ਸਨ । ਉਹਨਾਂ ਨੇ ਆਪ ਸਵੀਕਾਰ ਕੀਤਾ ਕਿ ਇਸ ਕਾਰਣ ਕਰਕੇ ਲੋਕਾਂ ਦਾ ਧਿਆਨ ਵਟੱਦਾ ਨਹੀਂ ਹੈ ਅਤੇ ਲੋਕ ਇਸਲਾਮ ਅਤੇ ਇਬਾਦਤ ਉਪੱਰ ਬਹੁਤਾ ਧਿਆਨ ਦੇ ਪਾਉਂਦੇ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸੋ, ਅਹਮਦੀ ਇਸਤਰੀਆਂ ਵੀ ਜੋ ਇਸ ਪ੍ਰਕਾਰ ਦੇ ਕੰਪਲੈਕਸ ਵਿੱਚ ਗ੍ਰਿਸੀ ਹੋਈ ਹਨ, ਉਹਨਾਂ ਨੂੰ ਵੀ ਇਸ ਕਮਿੰਟ ਬਾਰੇ ਸੋਚਣਾ ਚਾਹੀਦਾ ਹੈ ।

ਇਟਲੀ ਦੇ ਪ੍ਰੋਫ਼ੈਸਰ ਰਫ਼ਾਏ ਲਾਜ਼ੀ ਸਾਹਬ ਜੋ ਇਕ ਸਟਡੀ ਸੈਂਟਰ ਦੇ ਡਾਇਰੈਕਟਰ ਹਨ ਕਹਿੰਦੇ ਹਨ ਕਿ ਬੈਅਤ ਸਮੇਂ ਅਹਮਦੀਆਂ ਦੇ ਇਮਾਨ ਦੀ ਜੋ ਅਵਸਥਾ ਸੀ ਉਹ ਗ਼ੈਰਾਂ ਨੂੰ ਵੀ ਅਨੁਭਵ ਹੋਈ ਹੈ ਮੈਂ ਸਾਈਕੋਲੋਜੀ ਪੜ੍ਹੀ ਹੈ ਅਤੇ ਮੈਂਨੂੰ ਮਨੁੱਖ ਦੇ ਚਾਲ ਚਲਨ ਤੇ ਰੱਵੀਈਏ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਵਿਅਕਤੀ ਆਪਣੇ ਇਮਾਨ ਦੇ ਦਾਵੇ ਵਿੱਚ ਕਿੰਨ੍ਹਾ ਗੰਭੀਰ ਹੈ ਅਤੇ ਮੈਂਨੂੰ ਅਹਮਦੀਆਂ ਨੂੰ ਦੇਖਕੇ ਯਕੀਨ ਹੋ ਗਿਆ ਹੈ ਕਿ ਆਪ ਲੋਕਾਂ ਦੇ ਇਮਾਨ ਦਾ ਮਿਆਰ ਬਹੁਤ ਬੁਲੰਦ ਹੈ ।

ਇਕ ਮਹਿਮਾਨ ਸਨ ਲੈਨਿਟ ਓ ਮਿਲੀਯਨ ਕਹਿੰਦੀ ਹਨ ਕਿ ਇਸ ਸਾਲ ਪਹਿਲੀ ਵਾਰ ਜਲਸਾ ਸਾਲਾਨਾ ਵਿੱਚ ਭਾਗ ਲੈਂਣ ਦਾ ਮੌਕਾ ਮਿਲਿਆ, ਮੇਰਾ ਵਿਚਾਰ ਹੈ ਕਿ ਅਜਿਹਾ ਵਿਅਕਤੀ ਜੋ ਰੱਬ ਬਾਰੇ ਘੱਟ ਜਾਣਕਾਰੀ

ਰਖੱਦਾ ਹੋਵੇ ਉਹ ਜਲਸੇ ਵਿੱਚ ਸ਼ਾਮਲ ਹੋ ਜਾਏ ਤਾਂ ਜਲਸੇ ਦੇ ਬਾਦ ਉਹ ਇਸ ਵਿਸ਼ੇ ਉਪੱਰ ਗਿਆਨ ਦਾ ਸਾਗਰ ਲੈਕੇ ਪਰਤੇਗਾ ।

ਹਜ਼ੂਰ ਅਨਵਰ ਨੇ ਜਲਸਾ ਸਾਲਾਨਾ ਦੀ ਇਲੈਕਟ੍ਰਾਨਿੰਗ ਅਤੇ ਪ੍ਰਿੰਟ ਮੀਡੀਆ ਕਵਰੈਜ ਦਾ ਵਰਨਣ ਕਰਦਿਆਂ ਹੋਇਆ ਫ਼ਰਮਾਇਆ : ਅਲ ਇਸਲਾਮ ਵੈਬਸਾਈਟ ਰਾਹੀਂ ਅੱਠ ਲੱਖ ਬਾਹਠ ਹਜ਼ਾਰ ਵਾਰੀ ਵਿਜ਼ਿਟ ਕੀਤਾ ਗਿਆ ਅਤੇ ਵੀਡੀਓਜ਼ਵੀ ਦੋ ਲੱਖ ਅਠਾਰ੍ਹਾਂ ਹਜ਼ਾਰ ਲੋਕਾਂ ਦੇ ਦੇਖੀਆਂ । ਆਨ ਲਾਇਨ ਪ੍ਰਿੰਟ ਮੀਡੀਆ ਵਿੱਚ 53 ਖ਼ਬਰਾਂ ਪ੍ਰਕਾਸ਼ਤ ਹੋਈਆਂ ਹਨ । ਰੇਡੀਓ ਉਪੱਰ ਵੀਹ ਖ਼ਬਰਾਂ ਨਸ਼ਰ ਹੋਈਆਂ । ਟੀਵੀ ਉਪੱਰ ਚਾਰ ਖ਼ਬਰਾਂ ਨਸ਼ਰ ਹੋਈਆਂ । ਕੁਲ ਮਿਲਾਕੇ ਰਿਪੋਰਟਸ ਦੀ ਗਿਣਤੀ ਸਤੱਰ ਬਣਦੀ ਹੈ । ਇਸ ਰਾਹੀਂ 2 ਮਿਲੀਯਨ ਲੋਕਾਂ ਨੇ ਅਫ਼ਰੀਕਾ ਵਿੱਚ ਜਲਸੇ ਦੀ ਕਾਰਵਾਈ ਦੇਖੀ । ਇਸ ਹਵਾਲੇ ਨਾਲ ਸੈਂਕੜਿਆਂ ਦੀਆਂ ਧਾਰਨਾਵਾਂ (ਪ੍ਰਭਾਵ) ਵੀ ਪ੍ਰਾਪਤ ਹੋਈਆਂ ਹਨ ।

ਹਜ਼ੂਰ ਅਨਵਰ ਨੇ ਜਲਸੇ ਦੇ ਵਰਕਰਾਂ ਦਾ ਹੌਂਸਲਾ ਵਧਾਉਂਦਿਆਂ ਹੋਇਆਂ ਫ਼ਰਮਾਇਆ ਕਿ ਸਾਰੇ ਰਜ਼ਾਕਾਰ ਇਕ ਖ਼ਾਮੋਸ਼ ਪ੍ਰਚਾਰ ਕਰ ਰਹੇ ਸਨ, ਬੱਚੇ ਵੀ, ਇਸਤਰੀਆ ਵੀਂ, ਪੁਰੁਸ਼ ਵੀ । ਇਸ ਵਾਰ ਸਾਧਾਰਣ ਤੌਰ'ਤੇ ਸ਼ਾਮਲ ਹੋਣ ਵਾਲੇ ਇਹ ਪ੍ਰਗਟ ਕਰ ਰਹੇ ਹਨ ਕਿ ਜਲਸੇ ਦੇ ਸਾਰੇ ਵਰਕਰਾਂ ਵਿੱਚ ਅਸਾਧਾਰਣ ਖ਼ੁਸ਼ਖ਼ਲਕੀ ਦਿਖਾਈ ਦਿੱਤੀ ਅਤੇ ਸੇਵਾ ਦੇ ਜਜ਼ਬੇ ਦਾ ਇਜ਼ਹਾਰ ਵੀ ਅਸਾਧਾਰਣ ਸੀ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸ਼ਾਮਲ ਹੋਣ ਵਾਲੇ ਸਰਿਆਂ ਲੋਕਾਂ ਨੂੰ ਰੱਬ ਦਾ ਸ਼ੁਕਰਾਨਾ ਕਰਨ ਦੇ ਬਾਦ ਸੇਵਾ ਕਰਨ ਵਾਲਿਆਂ ਦਾ ਵੀ ਧੰਨਵਾਦੀ ਹੋਣਾ ਚਾਹੀਦਾ ਹੈ ਅਤੇ ਉਹਨਾਂ ਲਈ ਵੀ ਦੁਆ ਕਰਨੀ ਚਾਹੀਦੀ ਹੈ । ਅਲੱਾਹ ਤਆਲਾ ਉਹਨਾਂ ਨੂੰ ਭਵਿੱਖ ਵਿੱਚ ਵੀ ਸੇਵਾ ਕਰਨ ਦਾ ਮੌਕਾ ਪ੍ਰਦਾਨ ਕਰੇ ।

ਮੈਂ ਸਰਿਆਂ ਕਾਰਕੁਨਾ (ਸਵੈ ਸੇਵਕਾਂ) ਦਾ ਧੰਨਵਾਦ ਕਰਦਾ ਹਾਂ । ਅਲੱਾਹ ਤਆਲਾ ਉਹਨਾਂ ਨੂੰ ਇਸ ਦਾ ਪ੍ਰਤੀਫ਼ਲ ਪ੍ਰਦਾਨ ਕਰੇ ਅਤੇ ਭਵਿੱਖ ਵਿੱਚ ਪਹਿਲਾਂ ਤੋਂ ਵਧੱਕੇ ਸੇਵਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਹਮੇਸ਼ਾ ਖ਼ਿਲਾਫ਼ਤੇ ਅਹਮਦੀਆ ਦੇ ਇਹ ਸਹਾਇਕ ਬਣੇ ਰਹਿਣ ।

**Khulasa Khutba Jumma 10.08.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131